# ਸਾਰਾਂਸ਼

# ਕਿਸਾਨ (ਖੇਤੀ ਵਸਤਾਂ ਦੇ ਯਕੀਨੀ ਲਾਹੇਵੰਦ ਭਾਅ ਦਾ ਅਧਿਕਾਰ) ਬਿੱਲ, 2017

ਸਾਰੇ ਕਿਸਾਨਾਂ ਨੂੰ ਖੇਤੀ ਵਸਤਾਂ ਦੀ ਵਿਕਰੀ ਅਤੇ ਇਸ ਨਾਲ ਸੰਬੰਧਤ ਜਾਂ ਇਸ ਵਿਚੋਂ ਉਪਜਣ ਵਾਲੇ ਸਾਰੇ ਮਾਮਲਿਆਂ ਵਿਚ ਯਕੀਨੀ ਲਾਹੇਵੰਦ ਭਾਅ ਪ੍ਰਾਪਤ ਕਰਨ ਦਾ ਅਧਿਕਾਰ ਦਿਵਾਉਣ ਵਾਲਾ ਬਿੱਲ

ਕਿਸਾਨਾਂ ਨੂੰ ਯਕੀਨੀ ਲਾਹੇਵੰਦ ਭਾਅ ਪ੍ਰਾਪਤ ਕਰਨ ਦਾ ਅਧਿਕਾਰ ਦੇਣ ਲਈ ਇਸ ਬਿੱਲ ਵਿਚ ਹੇਠ ਲਿਖੇ ਵਿਧਾਨ ਸ਼ਾਮਲ ਹਨ:

**ਅਧਿਆਇ ਇਕ: ਪਰਿਭਾਸ਼ਾਵਾਂ**

1. **"ਖੇਤੀਬਾੜੀ"** ਵਿਚ ਬਾਗ਼ਬਾਨੀ, ਖੇਤੀ ਅਤੇ ਦਵਾਈ ਵਾਲੇ ਪੌਦਿਆਂ ਦੀ ਪੈਦਾਵਾਰ, ਫ਼ਸਲਾਂ ਅਤੇ ਅੰਤਰ-ਫ਼ਸਲਾਂ, ਫਲ, ਸਬਜ਼ੀਆਂ, ਦੁੱਧ ਉਤਪਾਦਨ, ਛੋਟੇ-ਮੋਟੇ ਜੰਗਲੀ ਉਤਪਾਦ ਇਕੱਤਰ ਕਰਨਾ, ਫੁੱਲਾਂ, ਘਾਹ, ਚਾਰੇ ਅਤੇ ਦਰੱਖ਼ਤਾਂ ਦੀ ਖੇਤੀ ਜਾਂ ਕਿਸੇ ਵੀ ਕਿਸਮ ਦੀ ਜ਼ਮੀਨ ਦੀ ਵਾਹੀ, ਨਰਸਰੀ ਚਲਾਉਣਾ, ਨਸਲਕਸ਼ੀ (ਬ੍ਰੀਡਿੰਗ) ਅਤੇ ਪਸ਼ੂਧਨ ਰੱਖਣਾ ਜਿਸ ਵਿਚ ਮੱਛੀ ਪਾਲਣ, ਸਿੱਪੀਆਂ, ਮੱਖੀ-ਪਾਲਣ, ਰੇਸ਼ਮ ਦੇ ਕੀੜੇ, ਮੁਰਗੀ ਪਾਲਣ, ਬੱਤਖ ਪਾਲਣ, ਦੁਧਾਰੂ ਪਸ਼ੂ ਪਾਲਣ ਜਾਂ ਸੂਰ ਪਾਲਣ ਅਤੇ ਖੇਤੀ ਵਾਲੀ ਜ਼ਮੀਨ ਦਾ ਖੇਤੀ ਨਾਲ ਸੰਬੰਧਤ ਕੰਮ-ਕਾਜ ਜਾਂ ਹੋਰ ਦੂਸਰੇ ਖੇਤੀ ਮਨੋਰਥ ਸ਼ਾਮਲ ਹਨ;

2. **"ਕਿਸਾਨ"** ਤੋਂ ਭਾਵ ਉਹ ਵਿਅਕਤੀ ਜੋ ਸਰਗਰਮੀ ਨਾਲ ਫ਼ਸਲਾਂ ਪੈਦਾ ਕਰਨ, ਜਾਂ ਹੋਰ ਮੁੱਢਲੀਆਂ ਖੇਤੀ ਵਸਤਾਂ ਦਾ ਉਤਪਾਦਨ ਜ਼ਮੀਨ ਦੀ ਮਲਕੀਅਤ ਨਾਲ ਜਾਂ ਜ਼ਮੀਨ ਦੀ ਮਲਕੀਅਤ ਤੋਂ ਬਿਨਾਂ ਆਰਥਿਕ ਅਤੇ/ਜਾਂ ਰੁਜ਼ਗਾਰ ਵਾਲੀ ਸਰਗਰਮੀ ਕਰ ਰਿਹਾ ਹੈ ਅਤੇ ਇਸ ਵਿਚ ਖੇਤੀਬਾੜੀ ਕਿਰਿਆਵਾਂ ਦਾ ਸੰਚਾਲਕ, ਕਾਸ਼ਤਕਾਰ, ਖੇਤ ਮਜ਼ਦੂਰ, ਮੁਜ਼ਾਰਾ, ਕਿਰਾਏਦਾਰ, ਮੁਰਗੀ ਪਾਲਕ ਅਤੇ ਪਸ਼ੂ-ਪਾਲਕ, ਮੱਛੀ ਪਾਲਕ, ਮਧੂਮੱਖੀ ਪਾਲਕ, ਚਰਵਾਹਾ, ਗ਼ੈਰ-ਕੋਰਪੋਰੇਟ ਨੌਅਬਾਦਕਾਰ (ਰੁੱਖ ਲਾਉਣ ਵਾਲਾ) ਅਤੇ ਰੁੱਖ ਲਾਉਣ ਵਾਲੇ ਮਜ਼ਦੂਰਾਂ ਦੇ ਨਾਲ-ਨਾਲ ਜੰਗਲ ਤੋਂ ਵਸਤਾਂ ਇਕੱਤਰ ਕਰਨ ਵਾਲਾ। ਸਾਂਝੀ ਮਲਕੀਅਤ ਵਾਲੀ ਜਾਂ ਕਿਰਾਏ 'ਤੇ ਲਈ ਜ਼ਮੀਨ ਉੱਪਰ ਖੇਤੀਬਾੜੀ ਕਰਨ ਵਾਲੇ ਸੈਲਫ਼-ਹੈਲਪ ਗਰੁੱਪ ਵੀ ਸ਼ਾਮਲ ਹਨ।

3. **"ਕਮੀਸ਼ਨ"** ਤੋਂ ਭਾਵ ਖੇਤੀ ਲਾਗਤਾਂ ਅਤੇ ਕੀਮਤਾਂ ਵਾਸਤੇ ਕਮੀਸ਼ਨ, ਜਿਸ ਦੇ ਅਧਿਕਾਰ ਅਤੇ ਹੱਦਾਂ ਸਿਰਫ਼ ਕਿਸਾਨਾਂ ਦੀ ਲਾਗਤ ਅਤੇ ਕੀਮਤਾਂ ਉੱਤੇ ਕੇਂਦਰਿਤ ਹੋਣ ਅਤੇ 11 ਮੈਂਬਰਾਂ ਤੱਕ ਵਧਾਇਆ ਜਾ ਸਕਣ ਵਾਲਾ ਅਦਾਰਾ, ਜਿਸ ਵਿਚ ਖੇਤਰਾਂ, ਵਰਗਾਂ ਅਤੇ ਲਿੰਗ ਆਧਾਰਤ ਮਸਲਿਆਂ ਨੂੰ ਸਮਾਨ ਪ੍ਰਤਿਨਿਧਤਾ ਮਿਲੇ ਅਤੇ ਜਿਸ ਵਿਚ ਕਿਸਾਨਾਂ ਦੇ ਪ੍ਰਤਿਨਿਧੀ ਬੋਰਡ ਵਿਚ ਸ਼ਾਮਲ ਹੋਣ।

4. **"ਸੂਬਾ ਕਮੀਸ਼ਨ"** ਤੋਂ ਭਾਵ ਖੇਤੀ ਲਾਗਤਾਂ ਅਤੇ ਕੀਮਤਾਂ ਵਾਸਤੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਸਥਾਪਤ ਕੀਤੇ ਗਏ ਸੂਬਾ ਪੱਧਰੀ ਕਮੀਸ਼ਨ, ਜਿਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਐਲਾਨੇ ਏਆਰਪੀ ਤੋਂ ਵੱਧ ਭਾਅ ਐਲਾਨਣ ਦੀ ਛੋਟ ਹੋਵੇ ਅਤੇ ਜੋ ਇਸ ਕਾਨੂੰਨ ਨੂੰ ਲਾਗੂ ਕਰਵਾਉਣ ਦਾ ਨਿਗਰਾਨ ਹੋਵੇ।

**ਅਧਿਆਇ ਦੋ: ਸਾਰੀਆਂ ਖੇਤੀ ਵਸਤਾਂ ਦਾ ਯਕੀਨੀ ਲਾਹੇਵੰਦ ਭਾਅ ਸਾਰੇ ਕਿਸਾਨਾਂ ਦਾ ਅਧਿਕਾਰ ਹੋਵੇ।**

1. ਸਾਰੀਆਂ ਖੇਤੀ ਵਸਤਾਂ ਦਾ ਯਕੀਨੀ ਲਾਹੇਵੰਦ ਭਾਅ ਸਾਰੇ ਕਿਸਾਨਾਂ ਦਾ ਅਧਿਕਾਰ ਹੋਵੇ।
2. ਸਰਕਾਰ, ਕਾਨੂੰਨ ਵਿਚ ਦਿੱਤੀ ਗਈ ਪਰਿਭਾਸ਼ਾ ਅਨੁਸਾਰ ਕਿਸਾਨਾਂ ਵੱਲੋਂ ਉਤਪਾਦਤ ਕੀਤੀਆਂ ਜਾਂਦੀਆਂ ਖੇਤੀ ਵਸਤਾਂ ਦੀ ਲਾਗਤ ਦਾ ਅਨੁਮਾਨ ਲਾਉਣ ਲਈ ਖੇਤੀ ਲਾਗਤਾਂ ਅਤੇ ਕੀਮਤਾਂ ਕਮੀਸ਼ਨ ਰਾਹੀਂ ਢਾਂਚਾ ਤਿਆਰ ਕਰੇ; ਇਸ ਵਿਚ ਸਾਰੀਆਂ ਮੌਸਮੀ ਫ਼ਸਲਾਂ ਦੇ ਨਾਲ-ਨਾਲ ਨਗ਼ਦ ਫ਼ਸਲਾਂ, ਸਬਜ਼ੀਆਂ ਅਤੇ ਫ਼ਲ, ਦੁੱਧ ਅਤੇ ਮਾਮੂਲੀ ਜੰਗਲੀ ਉਤਪਾਦ; ਸ਼ਾਮਲ ਹਨ।
3. ਉਹ ਵਸਤਾਂ ਜਿਨ੍ਹਾਂ ਲਈ ਲਾਗਤ ਦਾ ਅਨੁਮਾਨ ਲਾਉਣ ਲਈ ਕੋਈ ਢਾਂਚਾ ਮੌਜੂਦ ਨਹੀਂ ਹੈ, ਸਰਕਾਰ ਅਜਿਹਾ ਢਾਂਚਾ ਸਥਾਪਤ ਕਰੇ ਜੋ ਸਮੇਂ-ਸਮੇਂ 'ਤੇ ਅਜਿਹੇ ਅੰਕੜੇ ਜੁਟਾਉਣ ਲਈ ਲੋੜੀਂਦਾ ਹੈ।

4. ਲਾਗਤ ਅਨੁਮਾਨ ਵਿਸਤ੍ਰਿਤ ਰੂਪ ਵਿਚ ਕੀਤਾ ਜਾਵੇ ਜਿਸ ਵਿਚ ਸਾਰੀਆਂ ਅਦਾ ਕੀਤੀਆਂ ਗਈਆਂ ਲਾਗਤਾਂ, ਸਿਰ ਪਈਆਂ ਲਾਗਤਾਂ, ਕੁਸ਼ਲ ਕਾਮੇ ਦੀ ਦਿਹਾੜੀ ਵਾਲੀ ਦਰ ਅਨੁਸਾਰ ਪਰਵਾਰ ਦੀ ਮਜ਼ਦੂਰੀ ਦੀ ਲਾਗਤ ਅਤੇ ਪ੍ਰਬੰਧਕੀ ਲਾਗਤਾਂ ਸ਼ਾਮਲ ਕੀਤੀਆਂ ਜਾਣ। ਸਮਾਂਬੱਧ ਰੂਪ ਵਿਚ ਘਾਟਾਂ ਦੀ ਸਮੀਖਿਆ ਕੀਤੀ ਜਾਵੇ ਅਤੇ ਸੁਧਾਰ ਲਾਗੂ ਕੀਤੇ ਜਾਣ।
5. ਸੀਏਸੀਪੀ ਸਾਰੀਆਂ ਖੇਤੀ-ਵਸਤਾਂ ਦੀ ਵਿਸਤ੍ਰਤ ਉਤਪਾਦਨ ਲਾਗਤ ਦੇ ਉੱਤੇ 50% ਮੁਨਾਫ਼ੇ ਦੇ ਨਾਲ ਯਕੀਨੀ ਲਾਹੇਵੰਦ ਭਾਅ ਦੀ ਸਿਫ਼ਾਰਸ਼ ਕਰੇ।
6. ਸਾਉਣੀ ਦੀਆਂ ਫ਼ਸਲਾਂ ਦੇ ਭਾਅ ਹਰ ਸਾਲ 31 ਮਾਰਚ ਤੱਕ ਅਤੇ ਹਾੜੀ ਦੀਆਂ ਫ਼ਸਲਾਂ ਦੇ ਭਾਅ ਹਰ ਸਾਲ 31 ਅਗਸਤ ਤੱਕ ਐਲਾਨ ਦਿੱਤੇ ਜਾਣੇ ਚਾਹੀਦੇ ਹਨ।

**ਅਧਿਆਇ ਤਿੰਨ: ਕੇਂਦਰੀ, ਖੇਤੀ ਲਾਗਤਾਂ ਅਤੇ ਕੀਮਤਾਂ ਕਮੀਸ਼ਨ (ਸੀਏਸੀਪੀ)**

1. ਮੌਜੂਦਾ ਕਮੀਸ਼ਨ ਚੇਅਰਮੈਨ ਸਮੇਤ 11 ਮੈਂਬਰਾਂ ਤੱਕ ਵਧਾਇਆ ਜਾ ਸਕਦਾ ਹੈ। ਚੇਅਰਮੈਨ ਖੇਤੀ ਅਰਥਚਾਰੇ ਦਾ ਮਾਹਰ ਹੋ ਸਕਦਾ ਹੈ।
2. ਅੱਗੇ ਦਿੱਤੇ ਮੈਂਬਰ ਹੋਣੇ ਚਾਹੀਦੇ ਹਨ: ਸਰਕਾਰੀ ਮੈਂਬਰ, ਖੇਤੀਬਾੜੀ ਵਿਭਾਗ, ਸਹਿਕਾਰੀ ਅਤੇ ਕਿਸਾਨ ਭਲਾਈ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ (1); ਕਿਸਾਨਾਂ ਦੇ ਪ੍ਰਤੀਨਿਧੀ ਮੈਂਬਰ (5); ਹੋਰ ਖੇਤੀ ਮਾਹਰ (3); ਮੈਂਬਰ ਸਕੱਤਰ (1)
3. ਮੈਂਬਰਾਂ ਦੀ ਪ੍ਰਤੀਨਿਧਤਾ ਖੇਤਰ, ਵਰਗ ਅਤੇ ਲਿੰਗ ਦੇ ਆਧਾਰ ’ਤੇ ਬਰਾਬਰ ਹੋਣੀ ਚਾਹੀਦੀ ਹੈ
4. ਪਾਰਦਰਸ਼ੀ ਕੰਮਕਾਜ ਅਤੇ ਕਿਸੇ ਵੀ ਕਿਸਮ ਦੇ ਹਿੱਤਾਂ ਦੇ ਟਕਰਾਅ ਤੋਂ ਬਚਾਅ ਲਈ ਮਦਾਂ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
5. ਸੀਏਸੀਪੀ ਦੇ ਅਧਿਕਾਰ ਹੇਠਾਂ ਦਿੱਤੇ ਅਨੁਸਾਰ ਹੋਣਗੇ (ਇਸਦਾ ਭਾਵ ਹੈ ਮੌਜੂਦਾ ਸੀਏਸੀਪੀ ਦੇ ਅਧਿਕਾਰਾਂ ਵਿਚ ਵੱਡੇ ਪੱਧਰ ਦੀ ਤਬਦੀਲੀ ਹੋਵੇਗੀ):
   - ਵਿਸਤ੍ਰਿਤ ਲਾਗਤ ’ਤੇ ਮਿੱਥੇ ਹੋਏ ਫ਼ਾਰਮੂਲੇ ਨਾਲ ਸਾਰੀਆਂ ਖੇਤੀ ਵਸਤਾਂ ਦੇ ਏਆਰਪੀ ਦੀ ਘੱਟੋ-ਘੱਟ 50% ਮੁਨਾਫ਼ੇ ਨਾਲ ਸਿਫ਼ਾਰਸ਼ ਕਰਨੀ
   - ਅਜਿਹੇ ਸਾਰੇ ਕਦਮਾਂ ਦੀ ਸਿਫ਼ਾਰਸ਼ ਕਰਨੀ ਜੋ ਲਾਹੇਵੰਦ ਅਤੇ ਸਥਿਰ ਭਾਅ ਯਕੀਨੀ ਬਣਾਉਣ
   - ਆਯਾਤ-ਨਿਰਯਾਤ ਸੰਬੰਧੀ ਸਾਰੀਆਂ ਨੀਤੀਆਂ ਬਾਰੇ ਸਲਾਹ ਦੇਣ ਦਾ ਅਧਿਕਾਰ ਹੋਵੇ ਤਾਂ ਜੋ ਕਮੀਸ਼ਨ ਦੇ ਚੇਅਰਮੈਨ ਨਾਲ ਮਿਲ ਕੇ ਕੰਮ ਕਰ ਰਹੇ ਆਪਣੇ ਅੰਦਰੂਨੀ ਮਹਿਰਾਂ ਰਾਹੀਂ ਵਣਜ ਮੰਤਰਾਲੇ ਨੂੰ ਸਲਾਹ ਦੇਣ ਲਈ ਸਿਫ਼ਾਰਸ਼ ਕਰ ਸਕੇ ਤਾਂ ਕਿ ਲਏ ਜਾਣ ਵਾਲੇ ਫ਼ੈਸਲਿਆਂ ਦਾ ਯਕੀਨੀ ਲਾਹੇਵੰਦ ਭਾਅ ਐਲਾਨੇ ਜਾਣ ਉੱਤੇ ਘੱਟ ਤੋਂ ਘੱਟ ਪ੍ਰਤਿਕੂਲ ਪ੍ਰਭਾਵ ਪਵੇ

**ਅਧਿਆਇ ਚਾਰ: ਖੇਤੀ ਕੀਮਤਾਂ ਦਾ ਸੂਬਾ ਕਮੀਸ਼ਨ**

1. ਸੰਵਿਧਾਨਕ ਤੌਰ ’ਤੇ ਸੂਬਾ ਕਮੀਸ਼ਨ ਸੀਏਸੀਪੀ ਵਰਗਾ ਹੀ ਹੋਣਾ ਚਾਹੀਦਾ ਹੈ।
2. ਕਾਰਜਾਂ ਅਤੇ ਅਧਿਕਾਰਾਂ ਦੇ ਮਾਮਲੇ ਵਿਚ ਸੂਬਾ ਕਮੀਸ਼ਨ ਕੇਂਦਰੀ ਏਆਰਪੀ ਉੱਤੇ ਬੋਨਸ ਦੀ ਸਿਫ਼ਾਰਸ਼ ਕਰ ਸਕਦਾ ਹੈ, ਕੀਮਤਾਂ ਦੀ ਸਥਿਤੀ ਦਾ ਨਿਰੀਖਣ ਕਰ ਸਕਦਾ ਹੈ, ਘਾਟੇ ਦੀ ਅਦਾਇਗੀ ਕਰਨ ਦਾ ਹੁਕਮ ਦੇ ਸਕਦਾ ਹੈ, ਸਰਕਾਰੀ ਅਧਿਕਾਰੀਆਂ/ਅਦਾਰਿਆਂ ਵੱਲੋਂ ਫ਼ਰਜ਼ਾਂ ਵਿਚ ਕੋਤਾਹੀ ਬਾਰੇ ਪੁੱਛ-ਗਿੱਛ ਕਰ ਸਕਦਾ ਹੈ ਅਤੇ ਸੀਏਸੀਪੀ ਨੂੰ ਸਿਫ਼ਾਰਸ਼ਾਂ ਭੇਜ ਸਕਦਾ ਹੈ।

**ਅਧਿਆਇ 5: ਯਕੀਨੀ ਲਾਹੇਵੰਦ ਭਾਅ ਲਾਗੂ ਕਰਵਾਉਣਾ**

1. ਏਪੀਐਮਸੀ ਸਮੇਤ ਸਾਰੀਆਂ ਖੇਤੀ ਮੰਡੀਆਂ ਵਿਚ ਹਰ ਫ਼ਸਲ ਦੀ ਕੀਮਤ, ਬੋਲੀ ਨਾਲ ਜਾਂ ਮਿੱਥੀ ਕੀਮਤ ਜਿਹੋ-ਜਿਹੀ ਵੀ ਸਥਿਤੀ ਹੋਵੇ, ਦੀ ਸ਼ੁਰੂਆਤ ਯਕੀਨੀ ਲਾਹੇਵੰਦ ਭਾਅ ਨੂੰ ਆਧਾਰ ਕੀਮਤ ਮੰਨ ਕੇ ਹੋਵੇਗੀ ਅਤੇ ਕੋਈ ਵੀ ਬੋਲੀ ਉਪਰੋਕਤ ਭਾਅ ਤੋਂ ਘੱਟ ਮੰਜ਼ੂਰ ਨਹੀਂ ਕੀਤੀ ਜਾਵੇਗੀ।

2. ਠੇਕਾ ਖੇਤੀ ਅਧੀਨ ਸਮਝੌਤੇ ਵਾਲਿਆਂ ਸਮੇਤ ਕੋਈ ਵੀ ਖਰੀਦਦਾਰ ਕੋਈ ਵੀ ਫ਼ਸਲ ਯਕੀਨੀ ਲਾਹੇਵੰਦ ਭਾਅ ਤੋਂ ਘੱਟ ਕੀਮਤ ਉੱਤੇ ਫ਼ਸਲ ਨਹੀਂ ਖਰੀਦੇਗਾ, ਅਤੇ ਏਆਰਪੀ ਤੋਂ ਘੱਟ ਕੀਮਤ ਉੱਤੇ ਖਰੀਦ ਕਰਨ ਵਾਲਾ ਖਰੀਦਦਾਰ ਕਾਨੂੰਨੀ ਕਾਰਵਾਈ ਦਾ ਹੱਕਦਾਰ ਹੋਵੇਗਾ;
3. ਸਰਕਾਰ ਆਪਣੀਆਂ ਭੋਜਨ ਯੋਜਨਾਵਾਂ ਵਾਸਤੇ ਜ਼ਿਆਦਾ ਮਾਤਰਾ ਅਤੇ ਵਸਤਾਂ ਲੈਣ ਲਈ ਸਾਰੀਆਂ ਖੇਤੀ ਵਸਤਾਂ ਦੀ ਖਰੀਦਦਾਰੀ ਹਿੱਤ (ਸਥਾਨਕ ਪੱਧਰ 'ਤੇ) ਲੋੜੀਂਦੀ ਗਿਣਤੀ ਵਿਚ ਖਰੀਦ ਕੇਂਦਰ ਖੋਲ੍ਹਣ ਲਈ ਪਾਬੰਦ ਹੋਵੇਗੀ;
4. ਸਰਕਾਰ ਮੰਡੀਕਰਨ ਯੋਜਨਾਵਾਂ ਨੂੰ ਲੋੜੀਂਦੇ ਵਿੱਤੀ ਢਾਂਚੇ ਸਮੇਤ, ਅਸਰਦਾਰ ਅਤੇ ਸਮਾਂਬੱਧ ਢੰਗ ਨਾਲ ਲਾਗੂ ਕਰਵਾਉਣ ਲਈ ਪਾਬੰਦ ਹੋਵੇਗੀ;
5. ਕਿਸਾਨ ਨੂੰ ਮਜਬੂਰੀ ਵਿਚ ਘੱਟ ਭਾਅ ਉੱਤੇ ਫ਼ਸਲ ਨਾ ਵੇਚਣੀ ਪਵੇ ਇਸ ਦੀ ਰੋਕਥਾਮ ਲਈ ਸਰਕਾਰ ਲੋੜੀਂਦੇ ਕਦਮ ਚੁੱਕਣ ਲਈ ਪਾਬੰਦ ਹੋਵੇਗੀ, ਇਸ ਵਾਸਤੇ ਉਹ ਸਾਰੀਆਂ ਫ਼ਸਲਾਂ ਦਾ ਭੰਡਾਰ ਕਰਨ ਲਈ ਲੋੜੀਂਦੀਆਂ ਸਹੂਲਤਾਂ ਵਿਚ ਭਾਰੀ ਵਾਧਾ ਕਰਨ, ਅਤੇ ਇਹ ਯਕੀਨੀ ਬਣਾਉਣ ਲਈ ਪਾਬੰਦ ਹੋਵੇਗੀ ਕਿ ਕਿਸਾਨ ਨੂੰ ਉਸ ਵੱਲੋਂ ਭੰਡਾਰ ਕਰਵਾਈ ਗਈ ਫ਼ਸਲ ਬਦਲੇ ਤੁਰੰਤ ਫ਼ਸਲ ਦੀ ਕੀਮਤ ਦੀ ਘੱਟੋ-ਘੱਟ 75% ਵਿੱਤੀ ਅਦਾਇਗੀ ਹੋ ਜਾਵੇ।
6. ਸਰਕਾਰ ਸਾਰੇ ਕਿਸਾਨਾਂ ਨੂੰ ਖੇਤੀ ਉਤਪਾਦ ਸੰਗਠਨਾਂ ਵਿਚ ਸੰਗਠਿਤ ਕਰਨ ਹਿੱਤ ਨਿਵੇਸ਼ ਕਰਨ ਲਈ ਪਾਬੰਦ ਹੋਵੇਗੀ, ਇਸ ਲਈ ਉਹ ਲੋੜੀਂਦਾ ਢਾਂਚਾ ਅਤੇ ਵਿੱਤੀ ਪੂੰਜੀ ਉਲਪਲੱਧ ਕਰਵਾਏਗੀ ਤਾਂ ਜੋ ਕਿਸਾਨ ਮੰਡੀਕਰਨ ਉੱਦਯੋਗ ਚਲਾ ਸਕੇ ਜਿਸ ਵਿਚ ਪ੍ਰੋਸੈੱਸਡ, ਮੁੱਲ-ਵਧਾਊ ਉਤਪਾਦ (ਵੈਲਯੂ-ਐਡੇਡ ਪ੍ਰੋਡਿਊਸ) ਸ਼ਾਮਲ ਹੋਣਗੇ;
7. ਸਰਕਾਰ ਨਿਯੰਤਰਨ, ਸਬਸਿਡੀਆਂ ਅਤੇ ਯੋਜਨਾਵਾਂ ਰਾਹੀਂ ਅਤੇ ਘੱਟ-ਲਾਗਤ ਵਾਲੀ ਚਿਰੰਜੀਵੀ ਖੇਤੀ ਉਤਸ਼ਾਹਤ ਕਰਕੇ ਖੇਤੀ ਉਤਪਾਦਨ ਲਈ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਲਾਗਤ ਘਟਾਉਣ ਲਈ ਪਾਬੰਦ ਹੋਵੇਗੀ;
8. ਅਸਲ ਫ਼ਾਇਦਾ ਅਸਲ ਕਾਸ਼ਤਕਾਰ ਕੋਲ ਪਹੁੰਚਣਾ ਚਾਹੀਦਾ ਹੈ।

**ਅਧਿਆਇ 6: ਸ਼ਿਕਾਇਤ ਨਿਵਾਰਣ ਅਤੇ ਮੁਆਵਜ਼ਾ**

1. ਜਿਸ ਵੀ ਕਿਸਾਨ ਨੂੰ ਆਪਣੀਆਂ ਖੇਤੀ ਵਸਤਾਂ ਲਈ ਏਆਰਪੀ ਨਹੀਂ ਮਿਲਦਾ ਉਹ ਯਕੀਨੀ ਲਾਹੇਵੰਦ ਭਾਅ ਅਤੇ ਪ੍ਰਾਪਤ ਹੋਏ ਅਸਲ ਭਾਅ ਦੇ ਫ਼ਰਕ ਦੇ ਬਰਾਬਰ ਪੂਰੇ ਘਾਟੇ ਦੀ ਭਰਪਾਈ ਦਾ ਹੱਕਦਾਰ ਹੋਵੇਗਾ ।
2. ਇਸ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਕਿਸਾਨਾਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਮੰਡੀ ਵਿਚ ਵਸਤਾਂ ਦੀਆਂ ਕੀਮਤਾਂ ਦੀ ਨਿਗਰਾਨੀ ਲਈ ਜ਼ਿਲ੍ਹਾ ਪੱਧਰ ਦੀ ਇਕ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਜਾਵੇਗੀ, ਜਿਸ ਵਿਚ 1 ਕਿਸਾਨਾਂ ਦਾ ਪ੍ਰਤੀਨਿਧੀ ਅਤੇ ਇਕ-ਇਕ ਮੈਂਬਰ ਮੰਡੀਕਰਨ ਅਤੇ ਖੇਤੀ ਵਿਭਾਗ ਦੇ ਹੋਣਗੇ।
3. ਸਮਾਂਬੱਧ ਢੰਗ ਨਾਲ ਹਰ ਕਿਸਾਨ ਦੇ ਘਾਟੇ ਦੀ ਅਦਾਇਗੀ ਕਮੇਟੀ ਵੱਲੋਂ ਮਿੱਥੀ ਜਾਵੇਗੀ, ਤਸਦੀਕ ਕਰਨ ਲਈ ਇਕ ਸਰਲ ਪ੍ਰਕਿਰਿਆ ਬਣਾਈ ਜਾਵੇਗੀ;
4. ਅਜਿਹੇ ਮਾਮਲਿਆਂ ਵਿਚ ਜਿੱਥੇ ਕਿਸੇ ਵਿਸ਼ੇਸ਼ ਵਸਤ ਦੀ ਮੰਡੀ ਦੀ ਔਸਤ ਕੀਮਤ ਯਕੀਨੀ ਲਾਹੇਵੰਦ ਭਾਅ ਤੋਂ ਘੱਟ ਹੋਵੇ, ਇਹ ਕਮੇਟੀ ਵਸਤ ਵੇਚ ਚੁੱਕੇ ਸਾਰੇ ਹੱਕਦਾਰ ਕਿਸਾਨਾਂ ਨੂੰ ਘਾਟੇ ਦੀ ਅਦਾਇਗੀ ਕਰਨ ਦੀ ਸਿਫ਼ਾਰਸ਼ ਕਰੇਗੀ;
5. ਜੇ ਉਪਰੋਕਤ ਅਨੁਸਾਰ ਕਿਸਾਨ ਨੂੰ ਆਰਥਕ ਸਹਾਇਤਾ ਅਤੇ ਮੁਆਵਜ਼ਾ ਨਹੀਂ ਮਿਲਦਾ ਤਾਂ ਸ਼ਿਕਾਇਤ ਨਿਵਾਰਣ ਲਈ ਕਿਸਾਨ ਸੂਬਾ ਕਮੀਸ਼ਨ ਕੋਲ ਜਾ ਸਕਦਾ ਹੈ।

**ਅਧਿਆਇ 7: ਅਪਰਾਧ ਅਤੇ ਜੁਰਮਾਨੇ**

1. ਏਆਰਪੀ ਤੋਂ ਘੱਟ ਕੀਮਤ ਉੱਤੇ ਖਰੀਦਦਾਰੀ ਕਰਕੇ ਇਸ ਕਾਨੂੰਨ ਦੀਆਂ ਮੱਦਾਂ ਦੇ ਉਲਟ ਕੰਮ ਕਰਨ ਵਾਲਾ ਵਪਾਰੀ ਇਕ ਲੱਖ ਰੁਪਏ ਦੇ ਜੁਰਮਾਨੇ ਦਾ ਹੱਕਦਾਰ ਹੋਵੇਗਾ;
2. ਇਸ ਅਪਰਾਧ ਨੂੰ ਦੋਬਾਰਾ ਕਰਨ 'ਤੇ ਜ਼ੁਰਮਾਨਾ ਵਧ ਕੇ ਦੋ ਲੱਖ ਰੁਪਏ ਹੋ ਜਾਵੇਗਾ;
3. ਤੀਸਰੀ ਵਾਰ ਅਪਰਾਧ ਕਰਨ 'ਤੇ ਦੋ ਲੱਖ ਰੁਪਏ ਜੁਰਮਾਨਾ ਅਤੇ ਵਪਾਰ ਦਾ ਲਾਇਸੰਸ ਰੱਦ ਕਰਨ ਦੀ ਕਾਰਵਾਈ ਹੋਵੇਗੀ;
4. ਚੋਣ ਕਰਨ ਤੋਂ ਬਾਅਦ ਵਪਾਰੀ ਆਪਣੀ ਮਰਜ਼ੀ ਨਾਲ ਵਪਾਰ ਕਰਨ ਤੋਂ ਪਿੱਛੇ ਨਹੀਂ ਹੱਟ ਸਕਦਾ ਅਤੇ ਉਸ ਦਾ ਲਾਈਸੰਸ ਉਸ ਵੱਲੋਂ ਕੀਤੇ ਗਏ ਲੈਣ-ਦੇਣ ਉੱਤੇ ਆਧਾਰਤ ਹੋਵੇਗਾ;
5. ਫ਼ਸਲ ਦੀ ਚੁਕਾਈ ਲਈ ਸਮੇਂ ਸਿਰ ਕੇਂਦਰ ਨਾ ਖੋਲ੍ਹਣ ਜਾਂ ਲੋੜੀਂਦੀ ਗਿਣਤੀ ਵਿਚ ਕੇਂਦਰ ਨਾ ਸਥਾਪਿਤ ਕਰਨ ਦੀ ਸਥਿਤੀ ਵਿਚ, ਸੂਬਾ ਅਤੇ ਕੇਂਦਰ ਸਰਕਾਰ ਦੇ ਸਭ ਤੋਂ ਉੱਪਰਲੇ ਅਹੁਦੇ ਦਾ ਖੇਤੀ ਮੰਡੀਕਰਨ ਲਈ ਜ਼ਿੰਮੇਵਾਰ ਅਧਿਕਾਰੀ ਜਾਂ ਅਜਿਹਾ

ਕੋਈ ਸਰਕਾਰੀ ਅਧਿਕਾਰੀ ਜੋ ਸੂਬਾ ਪੱਧਰ ਦੇ ਖੇਤੀ ਕੀਮਤਾਂ ਕਮੀਸ਼ਨ ਦੀ ਪੜਤਾਲ ਵਿਚ ਆਪਣੀ ਡਿਊਟੀ ਨਿਭਾਉਣ ਵਿਚ ਕੋਤਾਹੀ ਕਰਦਾ ਪਾਇਆ ਜਾਵੇਗਾ, ਉਸ ਨੂੰ 50 ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ।

**ਅਧਿਆਇ 8: ਕੇਂਦਰ ਅਤੇ ਰਾਜ ਸਰਕਾਰ ਦੀਆਂ ਜ਼ਿੰਮੇਵਾਰੀਆਂ**

1. ਕੇਂਦਰ ਸਰਕਾਰ ਸਾਰੀਆਂ ਵਸਤਾਂ ਦੀਆਂ ਲਾਗਤਾਂ ਦੇ ਵਿਸਤ੍ਰਿਤ ਮੁਲਾਂਕਣ ਲਈ ਵੱਖਰੇ ਫ਼ੰਡ ਰੱਖੇਗੀ;
2. ਕਮੀਸ਼ਨ ਦੀਆਂ ਸਿਫ਼ਾਰਸ਼ ਪ੍ਰਾਪਤ ਹੋਣ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ, ਕੇਂਦਰ ਸਰਕਾਰ ਸਾਰੀਆਂ ਵਸਤਾਂ ਦੇ ਭਾਅ ਐਲਾਨ ਕਰੇਗੀ; ਹਰੇਕ ਸੂਬਾ ਸਰਕਾਰ ਆਪਣੇ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਐਲਾਨੇ ਯਕੀਨੀ ਲਾਹੇਵੰਦ ਭਾਅ ਤੋਂ ਉੱਪਰ ਬੋਨਸ ਦੇਣ ਦਾ ਐਲਾਨ ਕਰ ਸਕਦੀ ਹੈ।
3. ਸਾਰੀਆਂ ਮੰਡੀਆਂ ਵਿਚ ਖੇਤੀ ਵਸਤਾਂ ਦੀ ਖਰੀਦ ਦੇ ਭਾਅ ਦੀ ਨਿਗਰਾਨੀ ਕਰਨ ਲਈ ਸਰਕਾਰ ਅਧਿਆਇ ਚਾਰ ਦੀਆਂ ਸਾਰੀਆਂ ਮੱਦਾਂ ਲਾਗੂ ਹੋਣਾ ਯਕੀਨੀ ਬਣਾਏਗੀ ਅਤੇ ਅਧਿਆਇ 5 ਅਤੇ 6 ਅਨੁਸਾਰ ਲੋੜੀਂਦੀਆਂ ਕਾਰਵਾਈਆਂ ਸਮਾਂਬੱਧ ਢੰਗ ਨਾਲ ਆਰੰਭ ਕਰੇਗੀ;
4. ਵੱਖ-ਵੱਖ ਚੱਲ ਰਹੀਆਂ ਮੌਜੂਦਾ ਖੁਰਾਕ ਸਕੀਮਾਂ ਲਈ ਏਜੰਸੀਆਂ ਵੱਲੋਂ ਫ਼ਸਲਾਂ ਦੀ ਖਰੀਦ ਲਈ ਰੱਖੇ ਜਾਣ ਵਾਲੇ ਵਿੱਤੀ ਬਜਟ ਤੋਂ ਇਲਾਵਾ ਸਰਕਾਰ 50,000 ਕਰੋੜ ਰੁਪਏ ਦੇ ਮੁੱਢਲੇ ਬਜਟ ਨਾਲ ਏਆਰਪੀ ਫ਼ੰਡ ਸਥਾਪਤ ਕਰੇਗੀ, ਇਸ ਫ਼ੰਡ ਦੀ ਵਰਤੋਂ ਜ਼ਿਲ੍ਹਾ ਪੱਧਰ ਦੀ ਕਮੇਟੀ ਵਲੋਂ ਘਾਟੇ ਦੀ ਅਦਾਇਗੀ ਦੀ ਮੰਜ਼ੂਰੀ ਮਿਲਣ ਦੇ ਆਧਾਰ ਉੱਤੇ ਕਿਸਾਨਾਂ ਦੇ ਖ਼ਾਤੇ ਵਿਚ ਸਿੱਧੀ ਅਦਾਇਗੀ ਲਈ ਕੀਤੀ ਜਾਵੇਗੀ; ਇਹ ਅਦਾਇਗੀ ਕਮੇਟੀ ਦੇ ਹੁਕਮ ਜਾਰੀ ਕਰਨ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਕੀਤੀ ਜਾਵੇਗੀ;
5. ਕੇਂਦਰ ਸਰਕਾਰ ਵੱਲੋਂ ਐਲਾਨੇ ਏਆਰਪੀ 'ਤੇ ਵਾਧੂ ਭਾਅ ਦੇਣ ਦੀ ਜ਼ਿੰਮੇਵਾਰੀ ਨਿਭਾਉਣ ਲਈ ਰਾਜ ਸਰਕਾਰਾਂ ਆਪਣੇ ਫ਼ੰਡ ਆਪ ਸਥਾਪਤ ਕਰਨਗੀਆਂ।